ਪੰਜਾਬ ਸਰਕਾਰ
ਵਣ ਅਤੇ ਜੰਗਲੀ ਜੀਵ ਸੁਰਖਿਆ ਵਿਭਾਗ
(ਵਣ ਸਾਖਾ)

ਸੇਵਾ ਵਿਖੇ,

ਪ੍ਰਧਾਨ ਮੁੱਖ ਵਣ ਪਾਲ, ਪੰਜਾਬ,
ਚੰਡੀਗੜ੍ਹ ।

ਮੀਮੋ ਨੰ: 39/20/09-ਵਣ.3/7335
ਚੰਡੀਗੜ੍ਹ, ਮਿੱਤੀ 18-8-09

ਵਿਸ਼ਾ: ਵਣ ਵਿਭਾਗ ਦੀ ਆਮਦਨ ਵਧਾਉਣ ਲਈ ਐਫ.ਸੀ.ਏ ਪ੍ਰਪੋਜਲਾਂ ਸਬੰਧੀ ਦਰਖੱਤਾਂ ਦੀ ਮਾਰਕਿੰਗ ਅਤੇ ਵੱਖ-2 ਵਿਭਾਗਾਂ ਵਲੋਂ ਕਰਵਾਏ ਜਾਣ ਵਾਲੇ ਦਰਖਤਾਂ ਦੀ ਐਸਸਮੈਂਟ ਲਈ ਫੀਸ ਲਗਾਉਣ ਬਾਰੇ ਤਜਵੀਜ।

ਹਵਾਲਾ: ਆਪਦਾ ਯੂ.ਓ ਨੰ:555 ਮਿੱਤੀ 10.6.2009

ਪੰਜਾਬ ਦੇ ਰਾਜਪਾਲ ਮਾਰਕਿੰਗ ਲਈ ਸਮੱਗਰੀ ਦਾ ਖਰਚਾ, ਸਟਾਫ ਅਤੇ ਮਜਦੂਰਾਂ ਦੀ ਮਿਹਨਤ ਨੂੰ ਮੁੱਖ ਰੱਖਦੇ ਹੋਏ ਪ੍ਰਤੀ ਦਰਖਤ ਜਾਂ ਪੋਲ ਦੀ ਮਾਰਕਿੰਗ ਲਈ 10/-ਰੁਪਏ ਫੀਸ ਲਗਾਉਣ ਦੀ ਅਤੇ ਵਣ ਵਿਭਾਗ ਦੇ ਸਟਾਫ ਵਲੋਂ ਤਕਨੀਕੀ ਤੌਰ ਤੇ ਖੜੇ ਰੁੱਖਾਂ ਦੀ ਘਣੱਤਾ ਕੱਢ ਕੇ ਕੀਮਤ ਲਗਾਉਣ ਲਈ 5/-ਰੁਪਏ ਪ੍ਰਤੀ ਦਰਖੱਤ ਫੀਸ ਲਗਾਉਣ ਦੀ ਪ੍ਰਸੰਨਤਾ ਪੂਰਵਕ ਪ੍ਰਵਾਨਗੀ ਇਸ ਸ਼ਰਤ ਤੇ ਦਿੰਦੇ ਹਨ ਕਿ ਇਹ ਫੀਸਾਂ ਪੰਜਾਬ ਲੈਂਡ ਪ੍ਰੀਜਰਵੇਸ਼ਨ ਐਕਟ 1900 ਅਧੀਨ ਚਾਰਜ਼ ਕੀਤੀਆਂ ਜਾਂਦੀਆਂ ਫੀਸਾਂ ਨਾਲੋਂ ਘਟ ਨਾ ਹੋਣ ਅਤੇ ਇਨ੍ਹਾਂ ਫੀਸਾਂ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਨੂੰ ਸਰਕਾਰ ਦੇ ਰੈਵੀਨਿਊ ਹੈਡ ਵਿਚ ਜਮਾਂ ਕਰਵਾਉਣਾ ਯਕੀਨੀ ਬਣਾਇਆ ਜਾਵੇਗਾ।

2. ਇਹ ਮਨਜੂਰੀ ਵਿੱਤ ਵਿਭਾਗ ਦੇ ਅੰ.ਵਿ.ਪ ਨੰ: 7/8/09-5ਵਿਖ3/1182 ਮਿੱਤੀ 7.8.2009 ਰਾਹੀਂ ਜਾਰੀ ਕੀਤੀ ਗਈ ਪ੍ਰਵਾਨਗੀ ਅਨੁਸਾਰ ਜਾਰੀ ਕੀਤੀ ਜਾਂਦੀ ਹੈ।

ਸੰਯੁਕਤ ਸਕੱਤਰ ਵਣ

ਪਿੱਠ ਅੰਕਣ ਨੰ: 39/20/09-ਵਣ.3/ ਚੰਡੀਗੜ੍ਹ, ਮਿੱਤੀ

ਇਸਦਾ ਇਕ ਉਤਾਰਾ ਮਹਾਂਲੇਖਾਕਾਰ (ਆਡਿਟ/ਏ ਐਂਡ ਈ), ਪੰਜਾਬ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੰਯੁਕਤ ਸਕੱਤਰ ਵਣ

ਇਸਦਾ ਇਕ ਉਤਾਰਾ ਉਪ ਸਕੱਤਰ ਵਿੱਤ (ਯੂ) ਨੂੰ ਉਹਨਾਂ ਦੇ ਅੰ.ਵਿ.ਪੱ ਨੰ: 7/8/09-5ਵਿਖ3/1182 ਮਿੱਤੀ 7.8.2009 ਦੇ ਹਵਾਲੇ ਵਿੱਚ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਸੰਯੁਕਤ ਸਕੱਤਰ ਵਣ

ਸੇਵਾ ਵਿਖੇ,

ਉਪ ਸਕੱਤਰ (ਯੂ),
ਵਿੱਤ ਵਿਭਾਗ, ਪੰਜਾਬ

ਅੰ.ਵਿ.ਪੱ ਨੰ: 39/20/09-ਵਣ.3/ ਚੰਡੀਗੜ੍ਹ, ਮਿੱਤੀ